ਪੰਜਾਬ ਸਰਕਾਰ
ਮਾਲ ਪੁਨਰਵਾਸ ਤੇ ਡਿਜਾਸਟਰ ਮੈਨੇਜਮੈਂਟ ਵਿਭਾਗ
(ਐਮ.ਈ.ਸੈੱਲ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ।

ਮੀਮੋ ਨੰ: 13/1/15-ਮਸ-1/ 1586-1602
ਚੰਡੀਗੜ੍ਹ, ਮਿਤੀ: 3/3/15

ਵਿਸ਼ਾ:- ਤਕਸੀਮ ਦੇ ਕੇਸਾਂ ਦਾ ਨਿਪਟਾਰਾ ਕਰਨ ਲਈ ਵਿਸ਼ੇਸ਼ ਮੁਹਿੰਮ।

ਹਵਾਲਾ:- ਇਸ ਵਿਭਾਗ ਦੇ ਪੱਤਰ ਨੰ: 15/18/ 2014 -ਮ-2 / 14855-81, ਮਿਤੀ 19.12.2014 ਅਤੇ ਵਿੱਤੀ ਕਮਿਸ਼ਨਰ ਮਾਲ ਦੇ ਅੱਧ ਸਰਕਾਰੀ ਪੱਤਰ ਨੰ:15/18 / 2014- ਮਸ-2/15024-50, ਮਿਤੀ 24.12.2014.

ਇਸ ਵਿਭਾਗ ਦੇ ਹਵਾਲਾ ਅਧੀਨ ਪੱਤਰਾਂ ਰਾਹੀਂ ਤਕਸੀਮ ਦੇ ਕੇਸਾਂ ਦਾ ਨਿਪਟਾਰਾ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਉਣ ਲਈ ਲਿਖਿਆ ਗਿਆ ਸੀ। ਇਸ ਵਿਸ਼ੇਸ਼ ਮੁਹਿੰਮ ਦੇ ਤੌਰ ਤੇ ਵਿੱਤੀ ਕਮਿਸ਼ਨਰ ਮਾਲ ਵੱਲੋਂ ਮੰਡਲ ਪੱਧਰ ਤੇ ਮਿਤੀ 1.1.2015 ਨੂੰ ਜਲੰਧਰ ਵਿਖੇ ਮਿਤੀ 3.1.2015 ਨੂੰ ਪਟਿਆਲਾ ਵਿਖੇ ਅਤੇ ਮਿਤੀ 10.1.2015 ਨੂੰ ਫਰੀਦਕੋਟ ਵਿਖੇ ਮਾਲ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਗਈਆਂ।

2. ਤਕਸੀਮ ਦੇ ਕੇਸਾਂ ਵਿੱਚ ਵਿਧੀ ਬਾਰੇ ਹਦਾਇਤਾਂ ਸੰਕਲਿਤ ਕੀਤੀਆਂ ਗਈਆਂ ਹਨ ਅਤੇ ਨਾਲ ਨੱਥੀ ਹਨ। ਇਹ ਹਦਾਇਤਾਂ ਆਪਣੇ ਅਧੀਨ ਆਉਂਦੇ ਸਮੂਹ ਮਾਲ ਅਧਿਕਾਰੀਆਂ ਨੂੰ ਪਾਲਣਾ ਹਿਤ ਭੇਜ ਦਿੱਤੀਆਂ ਜਾਣ ਅਤੇ ਇਹਨਾਂ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

ਨੱਥੀ: ਉਪਰੋਕਤ ਅਨੁਸਾਰ

ਅਧੀਨ ਸਕੱਤਰ ਮਾਲ

ਪਿੱਠਅੰਕਣ ਨੰ: 13/1/15-ਮਸ-1/ 1603-08 ਚੰਡੀਗੜ੍ਹ, ਮਿਤੀ: 3/3/15

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਪੰਜਾਬ ਰਾਜ ਦੇ ਸਮੂਹ ਮੰਡਲ ਕਮਿਸ਼ਨਰਜ।
2. ਡਾਇਰੈਕਟਰ, ਲੈਂਡ ਰਿਕਾਰਡ, ਪੰਜਾਬ, ਜਲੰਧਰ।

ਅਧੀਨ ਸਕੱਤਰ ਮਾਲ

ਇਸ ਦਾ ਇਕ ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਮਾਲ

ਸੇਵਾ ਵਿਖੇ,

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਪ੍ਰਵਾਸੀ ਭਾਰਤੀ ਮਾਮਲੇ ਵਿਭਾਗ।

ਅੰ:ਵਿ:ਪੱ: ਨੰ: 13/1/15-ਮਸ-1/ 1609 ਚੰਡੀਗੜ੍ਹ, ਮਿਤੀ: 3/3/15

ਪੰਜਾਬ ਸਰਕਾਰ
ਮਾਲ ਤੇ ਪੁਨਰਵਾਸ ਵਿਭਾਗ
(ਭੌਂ ਮਾਲੀਆ ਸ਼ਾਖਾ)

ਵਿਸ਼ਾ: ਤਕਸੀਮ ਦੇ ਕੇਸਾਂ ਦਾ ਨਿਪਟਾਰਾ

ਵਿੱਤੀ ਕਮਿਸ਼ਨਰ ਮਾਲ ਵਲੋਂ ਮਿਤੀ 1-1-2015, 3-1-2015 ਅਤੇ 10-1-2015 ਨੂੰ ਮਾਲ ਅਫਸਰਾਂ ਨਾਲ ਜਲੰਧਰ, ਪਟਿਆਲਾ ਅਤੇ ਫਰੀਦਕੋਟ ਵਿਖੇ ਹੋਈਆਂ ਮੀਟਿੰਗਾਂ ਦੇ ਆਧਾਰ ਤੇ ਵਿਸ਼ੇ ਤੇ ਹੇਠ ਮੁਤਾਬਕ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

<u>ਕੋਰਟ ਦੇ ਦਿਨ ਅਤੇ ਕੈਂਪ</u>

1. ਡੀ.ਸੀ ਵਲੋਂ ਆਪਣੇ ਜ਼ਿਲ੍ਹੇ ਸਰਕਲ ਮਾਲ ਅਫਸਰਾਂ ਦੇ ਕੈਂਪ ਬਾਰੇ ਹੇਠ ਮੁਤਾਬਕ ਸੂਚਨਾ ਨੋਟੀਫਾਈ ਕੀਤੀ ਜਾਵੇਗੀ:-
   (ੳ) ਕੋਰਟ ਦੇ ਦਿਨ - ਹਰੇਕ ਹਫਤੇ ਵਿੱਚ ਘੱਟੋ-ਘੱਟ 2 ਦਿਨ ਕੋਰਟ ਦੇ ਕੈਂਪ ਲਈ ਰਾਖਵੇਂ ਰੱਖੇ ਜਾਣ।
   (ਅ) ਟੂਰ ਅਤੇ ਕੈਂਪ ਦੇ ਦਿਨ - ਹਰੇਕ ਹਫਤੇ ਵਿੱਚ 1 ਜਾਂ 2 ਦਿਨ ਮਾਲ ਅਫਸਰਾਂ ਵੱਲੋਂ ਆਪਣੇ ਹਲਕੇ ਵਿੱਚ ਦੌਰੇ ਲਈ ਜਾਂ ਹਲਕੇ ਵਿੱਚ ਹੈਡਕੁਆਟਰ ਤੋਂ ਬਾਹਰ ਕੈਂਪ ਦਫਤਰ ਲਈ ਰਾਖਵੇਂ ਰੱਖੇ ਜਾਣ।

   ਇਹ ਸੂਚਨਾ ਜ਼ਿਲ੍ਹੇ ਦੀ ਵੈਬਸਾਈਟ ਅਤੇ ਮਾਲ ਵਿਭਾਗ / ਪੀ.ਐਲ.ਆਰ.ਐਸ ਦੀ ਵੈਬਸਾਈਟ ਤੇ ਅੱਪਲੋਡ ਕੀਤੀ ਜਾਵੇ।

2. ਮਾਲ ਅਫਸਰ ਇਹ ਯਕੀਨੀ ਬਣਾਉਣ ਕਿ ਅਦਾਲਤੀ ਕੰਮ ਲਈ ਜੋ ਦਿਨ ਨਿਸ਼ਚਿਤ ਕੀਤੇ ਗਏ ਹਨ, ਉਹ ਉਨ੍ਹਾਂ ਦਿਨਾਂ ਵਿੱਚ ਅਦਾਲਤ ਲਾਜ਼ਮੀ ਲਗਾਉਣਗੇ; ਸਿਰਫ ਕਿਸੇ ਐਮਰਜੈਂਸੀ ਕਾਰਨ ਹੀ ਆਪਣੇ ਸਬੰਧਤ ਐਸ.ਡੀ.ਐਮ ਜਾਂ ਡਿਪਟੀ ਕਮਿਸ਼ਨਰ ਤੋਂ ਪਹਿਲਾਂ ਮਨਜ਼ੂਰੀ ਲੈ ਕੇ ਕੋਰਟ ਮੁਲਤਵੀ ਕਰਨ । ਜਿਹੜੇ ਕੇਸਾਂ ਨੂੰ ਲੰਬਿਤ ਰੱਖਿਆ ਜਾਵੇ, ਉਨ੍ਹਾਂ ਸਬੰਧੀ ਅਗਲੀ ਤਾਰੀਖ 1-2 ਹਫਤਿਆਂ ਤੋਂ ਜ਼ਿਆਦਾ ਵਕਫਾ ਨਾ ਦਿੱਤਾ ਜਾਵੇ।

3. ਜੇਕਰ ਕਿਸੇ ਮਾਲ ਅਫਸਰ ਕੋਲ ਕੰਮ ਦੀ ਬਹੁਤਾਤ ਹੋਵੇ ਤਾਂ ਸਬੰਧਤ ਡਿਪਟੀ ਕਮਿਸ਼ਨਰ ਤਕਸੀਮ ਸਬੰਧੀ ਕੇਸਾਂ ਨੂੰ ਜਿਲ੍ਹੇ ਦੇ ਕਿਸੇ ਹੋਰ ਮਾਲ ਅਫਸਰ, ਜਿਸ ਕੋਲ ਸਹਾਇਕ ਕੁਲੈਕਟਰ ਦਰਜਾ-1 ਦੀਆਂ ਸ਼ਕਤੀਆਂ ਹੋਣ, ਨੂੰ ਦੇ ਸਕਦੇ ਹਨ।

<u>ਸਿਖਲਾਈ</u>

4. ਡਿਪਟੀ ਕਮਿਸ਼ਨਰਾਂ ਵੱਲੋਂ ਸਾਰੇ ਸਰਕਲ ਰੈਵਿਨਿਊ ਅਫਸਰਾਂ ਅਤੇ ਉਨ੍ਹਾਂ ਅਧੀਨ ਆਉਂਦੇ ਸਟਾਫ ਨੂੰ ਅਦਾਲਤੀ ਕੇਸਾਂ, ਖਾਸ ਕਰਕੇ ਤਕਸੀਮ ਦੇ ਕੇਸਾਂ ਦਾ ਨਿਪਟਾਰਾ ਕਰਨ ਲਈ ਟ੍ਰੇਨਿੰਗ ਕਰਾਉਣ ਦਾ ਉਪਰਾਲਾ ਕੀਤਾ ਜਾਵੇਗਾ।

<u>ਨਿਪਟਾਰਾ</u>

5. ਸਰਕਲ ਰੈਵਿਨਿਊ ਅਫਸਰਾਂ ਵਲੋਂ ਤਕਸੀਮ ਦੇ ਕੇਸ ਹਫਤਾ ਦਰ ਹਫਤਾ ਸੁਣੇ ਜਾਣਗੇ ਅਤੇ ਕਿਸੇ ਵੀ ਸਟੇਜ ਤੇ 2 ਤੋਂ ਵੱਧ ਤਰੀਖਾਂ (adjournments) ਨਹੀਂ ਦਿੱਤੀਆਂ ਜਾਣਗੀਆਂ। ਤਕਸੀਮ ਦੇ ਕੇਸਾਂ ਦੇ ਵਕਤ ਸਿਰ ਨਿਪਟਾਰੇ ਲਈ **ਟਾਇਮ ਸ਼ਡਿਊਲ ਅਨੁਲੱਗ-1** ਤੇ ਹੈ।

6. ਤਕਸੀਮ ਸਬੰਧੀ 1 ਸਾਲ ਤੋਂ ਪੁਰਾਣੇ ਕੇਸ, ਭਾਵ ਜਿਹੜੇ ਤਕਸੀਮ ਸਬੰਧੀ ਕੇਸ ਮਿਤੀ 1-4-2014 ਤੋਂ ਪਹਿਲਾਂ ਦਾਇਰ ਹੋਏ ਹਨ, ਉਨ੍ਹਾਂ ਦਾ ਫੈਸਲਾ ਮਿਤੀ 31-3-2015 ਤੋਂ ਪਹਿਲਾਂ ਇਸ ਮੁਹਿੰਮ ਅਧੀਨ ਕੀਤਾ ਜਾਵੇ।

<u>ਦਰਖਾਸਤ</u>

7. ਦਰਖਾਸਤ ਨਾਲ (ਧਾਰਾ 111 ਮੁਤਾਬਕ) ਪੇਸ਼ ਕੀਤੇ ਨਕਸ਼ਾ 'ਅਲਿਫ' (ਫਾਰਮ **ਪੀ.ਟੀ. ਐਨ-1 ਦੀ ਨਕਲ ਅਨੁਲੱਗ**-3 ਤੇ ਹੈ) ਜਿਸ ਵਿੱਚ ਖੇਵਟ ਦੇ ਸਾਰੇ ਹਿਸੇਦਾਰਾਂ ਦਾ ਹਿੱਸੇ ਵਿੱਚ ਆਉਂਦਾ ਕੁੱਲ ਰਕਬਾ ਅਲੱਗ ਅਲੱਗ ਦਰਸਾਇਆ ਹੋਵੇ। ਜਮਾਂਬੰਦੀ ਦੀ ਨਕਲ ਅਤੇ ਅਕਸ਼ ਸਜਰਾ, ਜਿਸ ਵਿੱਚ ਹਰੇਕ ਹਿੱਸੇਦਾਰ ਦਾ ਕਬਜ਼ਾ ਦਰਸਾਇਆ ਗਿਆ ਹੋਵੇ, ਦਿੱਤਾ ਜਾਵੇਗਾ। ਇਸ ਨੂੰ ਸਬੰਧਤ ਪਟਵਾਰੀ ਅਤੇ ਕਾਨੂੰਗੋ ਵੱਲੋਂ ਕਾਇਦੇ ਮੁਤਾਬਕ ਤਸਦੀਕ ਕੀਤਾ ਜਾਵੇਗਾ। ਇਹ ਸਾਰੇ ਕੰਮ ਨੋਟਿਸ ਦੇਣ ਵੇਲੇ ਸਮੇਂ ਦੇ ਨਾਲ-ਨਾਲ ਹੀ ਕੀਤੇ ਜਾਣਗੇ ਅਤੇ ਹਰ ਹਾਲਤ ਵਿੱਚ 6 ਹਫਤਿਆਂ ਵਿੱਚ ਮੁਕੰਮਲ ਕੀਤਾ ਜਾਵੇਗਾ। ਇਸ ਮੰਤਵ ਲਈ ਸਹਾਇਕ ਕੁਲੈਕਟਰ ਦਰਜਾ-1 ਵਲੋਂ ਹਲਕਾ ਪਟਵਾਰੀ ਅਤੇ ਕਾਨੂੰਗੋ ਨੂੰ ਮੁਕੰਮਲ ਦਰਖਾਸਤ ਪ੍ਰਾਪਤ ਹੋਣ ਅਤੇ ਤਲਬੀ ਆਰੰਭ ਕੀਤੇ ਜਾਣ ਦੇ ਨਾਲ ਨਾਲ ਹਦਾਇਤ ਕੀਤੀ ਜਾਵੇਗੀ ਕਿ 6 ਹਫਤਿਆਂ ਵਿੱਚ ਨਕਸ਼ਾ ਅਲਿਫ ਦੀ ਤਸਦੀਕ ਅਤੇ ਰਿਪੋਰਟ ਪੇਸ਼ ਕੀਤੀ ਜਾਵੇ।

ਨੋਟਿਸ/ਮੁਨਾਦੀ

8. ਧਿਰਾਂ/ਹਿੱਸੇਦਾਰਾਂ ਦੀ ਤਾਮੀਲ ਭੌਂ ਮਾਲੀਆ ਐਕਟ ਅਤੇ ਰੂਲਾਂ ਮੁਤਾਬਕ ਇੰਨ-ਬਿੰਨ ਕੀਤੀ ਜਾਵੇ। ਜੇ ਧਿਰ ਨੋਟਿਸ ਲੈਣ ਤੋਂ ਇਨਕਾਰ ਕਰੇ ਜਾਂ ਸਬੰਧਤ ਰੈਵਿਨਿਊ ਅਸਟੇਟ ਤੋਂ ਬਾਹਰ ਰਹਿੰਦੀ ਹੈ ਤਾਂ ਤਾਮੀਲ ਪਹਿਲਾਂ ਰਜਿਸਟਰਡ ਡਾਕ ਰਾਹੀਂ ਵੀ ਕਰਵਾਈ ਜਾਵੇ, ਅਤੇ ਇਸ ਕਾਰਵਾਈ ਉਪਰੰਤ ਹੀ ਚਸਪਾਨਗੀ, ਮੁਨਾਦੀ ਕਰਵਾਈ ਜਾਵੇ। ਦਰਖਾਸਤਕਰਤਾ ਦੀ ਜਿੰਮੇਵਾਰੀ ਹੈ ਕਿ ਉਹ ਸਭ ਧਿਰਾਂ ਦਾ ਸਹੀ/ਪੂਰਾ ਪਤਾ ਦੇਵੇ। ਦਰਖਾਸਤਕਰਤਾ ਵੱਲੋਂ ਉਤਰਦਾਤਾਵਾਂ ਦੇ ਮੁਕੰਮਲ ਪਤੇ ਦੱਸੇ ਜਾਣਾ ਜਰੂਰੀ ਹੈ ਕਿਉਂ ਜੋ ਅਜਿਹਾ ਕਰਨਾ ਉਨ੍ਹਾਂ ਦੀ ਕਾਨੂੰਨਣ ਜਿੰਮੇਵਾਰੀ ਬਣਦੀ ਹੈ।

ਮੁਨਾਦੀ

9. ਪੰਜਾਬ ਲੈਂਡ ਰਿਕਾਰਡਜ ਐਕਟ ਦੀ ਧਾਰਾ 22 ਮੁਤਾਬਕ ਕੀਤੀ ਮੁਨਾਦੀ ਦਾ ਰਿਕਾਰਡ ਮਿਸਲ ਤੇ ਸ਼ਾਮਲ ਕੀਤਾ ਜਾਵੇ:-

(1) ਮੁਨਾਦੀ ਲਾਊਡ ਸਪੀਕਰ ਰਾਹੀਂ ਵੀ ਕਰਵਾਈ ਜਾ ਸਕਦੀ ਹੈ।

(2) ਪਿੰਡ ਵਿਖੇ ਲਾਊਡ ਸਪੀਕਰ ਰਾਹੀਂ ਕੀਤੀ ਮੁਨਾਦੀ ਅਤੇ ਚਸਪਾਨਗੀ ਦਾ ਸਮਾਂ, ਮਿਤੀ, ਗਵਾਹਾਂ ਬਾਰੇ ਮੁਕੰਮਲ ਰਿਪੋਰਟ ਸਮੇਤ ਫੋਟੋ ਸ਼ਾਮਲ ਹੋਵੇ।

ਨਕਸ਼ਾ 'ਅਲਿਫ'

10. ਜੇਕਰ ਕਿਸੇ ਹਿੱਸੇਦਾਰ ਵੱਲੋਂ ਆਪਣੇ ਹਿੱਸੇ ਤੋਂ ਵੱਧ ਹਿੱਸਾ ਵੇਚਿਆ ਗਿਆ ਹੈ ਤਾਂ ਇਸ ਦਾ ਅਸਰ ਸਭ ਤੋਂ ਆਖਰੀ ਖਰੀਦਦਾਰਾਂ ਤੇ ਕਾਨੂੰਨ ਅਨੁਸਾਰ ਪਵੇਗਾ।

11. ਜੇਕਰ ਪਾਰਟੀਆਂ ਦੇ ਹਿੱਸਿਆਂ ਵਿੱਚ ਕੋਈ ਫਰਕ (mis-match) ਹੋਵੇ ਤਾਂ ਉਸ ਸਥਿਤੀ ਵਿੱਚ ਇਸ ਸਬੰਧੀ ਹਿੱਸਿਆਂ ਦਾ ਮਿਲਾਨ (reconcile) ਨਕਸ਼ਾ ਅਲਿਫ ਨੂੰ ਮਨਜੂਰ ਕਰਨ ਤੋਂ ਪਹਿਲਾਂ ਕੀਤਾ ਜਾਵੇਗਾ ਭਾਵ ਕਿ ਨਕਸ਼ਾ ਅਲਿਫ ਵਿੱਚ ਸਾਰੇ ਹਿੱਸੇਦਾਰਾਂ ਦੇ ਹਿੱਸੇ ਸਹੀ ਢੰਗ ਨਾਲ ਦਰਸਾਏ ਜਾਣਗੇ ਅਤੇ ਕੁੱਲ ਹਿੱਸਿਆਂ ਦਾ ਜੋੜ **Form PTN-1** ਵਿੱਚ (ਅਨੁਲੱਗ-3) ਮੁਬਲੱਗ 1 ਹੋਵੇਗਾ। ਕਿਸੇ ਧਿਰ ਦੇ ਇਤਰਾਜ ਵੱਜੋਂ, ਜਾਂ ਨਕਸ਼ਾ ਅਲਿਫ ਵਿੱਚ ਹੋਰ ਕੋਈ ਤਰੁਟੀ ਸਾਹਮਣੇ ਆਉਣ ਵੱਜੋਂ ਇਸ ਨਕਸ਼ੇ ਬਾਰੇ ਦੋਬਾਰਾ ਤਸਦੀਕ ਪਟਵਾਰੀ / ਕਾਨੂੰਗੋ ਤੋਂ ਕਰਵਾਈ ਜਾ ਸਕਦੀ ਹੈ।

<u>ਮਲਕੀਅਤ/ਟਾਇਟਲ ਦਾ ਸਵਾਲ</u>

12. ਜੇਕਰ ਨਕਸ਼ਾ ਅਲਿਫ ਤਸਦੀਕ ਕਰਨ ਵੇਲੇ ਕਿਸੇ ਹਿੱਸੇਦਾਰ ਵੱਲੋਂ Question of Title ਉਠਾਇਆ ਜਾਂਦਾ ਹੈ ਤਾਂ ਇਸ ਦਾ ਫੈਸਲਾ ਜ਼ੇਰ ਧਾਰਾ 117 ਆਫ ਪੰਜਾਬ ਲੈਂਡ ਰੈਵਿਨਿਊ ਐਕਟ, 1887 ਅਧੀਨ ਸਹਾਇਕ ਕੁਲੈਕਟਰ ਦਰਜਾ-1 ਵਲੋਂ ਕੀਤਾ ਜਾਵੇ।

<u>ਤਰੀਕਾ ਤਕਸੀਮ</u>

13. ਤਕਸੀਮ ਦੇ ਉਹ ਸਾਰੇ ਕੇਸ ਜਿਨ੍ਹਾਂ ਵਿੱਚ ਨਕਸ਼ਾ 'ਅਲਿਫ' ਜਾਂ ਤਰੀਕਾ ਤਕਸੀਮ ਤੇ ਧਿਰਾਂ ਨੂੰ ਇਤਰਾਜ ਹੋਣ, ਉਨ੍ਹਾਂ ਸਬੰਧੀ ਕੋਈ ਨਿਰਣਾ ਲੈਣ ਤੋਂ ਪਹਿਲਾਂ ਰੈਵਿਨਿਊ ਅਫਸਰ ਵੱਲੋਂ ਮੌਕੇ ਦਾ ਨਿਰੀਖਣ ਕੀਤਾ ਜਾਵੇਗਾ ਅਤੇ ਨਕਸ਼ਾ ਅਲਿਫ ਵਾ ਤਰੀਕਾ ਤਕਸੀਮ, ਮੌਕੇ ਮੁਤਾਬਕ ਤਿਆਰ ਕੀਤਾ ਜਾਵੇਗਾ।

14. ਤਰੀਕਾ ਤਕਸੀਮ ਤਿਆਰ ਕਰਨ ਲਈ 15 ਨੁਕਾਤੀ ਨਮੂਨਾ ਸਹੂਲਤ ਲਈ ਅਨੁਲੱਗ-2 ਤੇ ਹੈ। ਮਨਜ਼ੂਰੀ ਤਰੀਕਾ ਤਕਸੀਮ ਦਾ ਹੁਕਮ ਪੰਜਾਬ ਲੈਂਡ ਰਿਕਾਰਡ ਮੈਨੂਅਲ ਦੇ ਪੈਰਾ 18.11 ਮੁਤਾਬਕ detailed ਅਤੇ speaking order ਹੋਣਾ ਚਾਹੀਦਾ ਹੈ ਨਾ ਕਿ ਸਿਰਫ ਜਿਮਨੀ ਵਿੱਚ ਸੰਖੇਪ ਤੌਰ ਤੇ । ਧਿਆਨ ਰੱਖਿਆ ਜਾਵੇ ਕਿ ਪੰਜਾਬ ਲੈਂਡ ਰਿਕਾਰਡਜ ਮੈਨੂਅਲ ਦੇ ਪੈਰਾ 18.11 ਮੁਤਾਬਕ "....The orders as to the method of partition should be clear and unmistakable, and care should be taken that every essential question raised by the investigating officer's report, or contained in the pleadings, is decided." ਇਹ ਦੁਹਰਾਇਆ ਜਾਂਦਾ ਹੈ ਕਿ ਤਰੀਕਾ ਤਕਸੀਮ ਨੂੰ ਅੰਤਿਮ ਕਰਨ ਲਈ ਪੰਜਾਬ ਲੈਂਡ ਰਿਕਾਰਡਜ ਮੈਨੂਅਲ ਦੇ ਪੈਰਾ 18.10 ਮੁਤਾਬਕ ਪਹਿਲਾਂ ਕਿਸੇ ਮਾਲ ਅਫਸਰ ਵੱਲੋਂ (ਪਟਵਾਰੀ, ਕਾਨੂੰਗੋ ਜਾਂ ਸਹਾਇਕ ਕੁਲੈਕਟਰ ਦਰਜਾ-1) ਮੌਕਾ ਮੁਆਇਨਾ ਕੀਤਾ ਜਾਵੇ ਅਤੇ ਇਹ ਮੁਦਾਇਲਾ ਰਿਪੋਰਟ (ਤਫਸੀਲਸ਼ੁਦਾ) ਮਿਸਲ ਤੇ ਸ਼ਾਮਲ ਕੀਤੀ ਜਾਵੇ।

<u>ਨਕਸ਼ਾ 'ਬੇ'</u>

15. ਨਕਸ਼ਾ 'ਬੇ' ਮਨਜ਼ੂਰ ਕਰਨ ਸਮੇਂ ਸਭ ਇਤਰਾਜਾਂ ਸਬੰਧੀ ਮੂੰਹ ਬੋਲਦੇ ਹੁਕਮ ਜਾਰੀ ਕੀਤੇ ਜਾਣਗੇ, ਕਿਉਂਕਿ ਨਕਸ਼ਾ 'ਬੇ' ਨਾਲ ਧਿਰਾਂ ਦੇ ਹੱਕਾਂ ਤੇ ਅਸਰ ਪੈਂਦਾ ਹੈ ਧਿਰਾਂ

ਵੱਲੋਂ ਕੀਤੇ ਗਏ ਹਰ ਇਤਰਾਜ ਨੂੰ ਨੋਟ ਕਰਕੇ ਵਿਚਾਰਿਆ ਜਾਣਾ ਚਾਹੀਦਾ ਹੈ ਅਤੇ ਇਸ ਹੁਕਮ ਵਿੱਚ ਸਹਾਇਕ ਕੁਲੈਕਟਰ ਦਰਜਾ-1 ਵੱਲੋਂ ਹਰ ਨੁਕਤੇ ਤੇ ਪ੍ਰੇਖਣ ਕੀਤੇ ਜਾਣੇ ਚਾਹੀਦੇ ਹਨ। ਇਹ ਨਕਸ਼ਾ 'ਬੇ' ਮੁਤੱਲਕ ਮੂੰਹ ਬੋਲਦੇ ਹੁਕਮ ਜਿਮਨੀ ਵਿੱਚ ਨਹੀਂ, ਬਲਕਿ ਵੱਖਰੇ ਤੌਰ ਤੇ ਵਿਸਥਾਰ-ਪੂਰਵਕ ਕਰਨੇ ਜ਼ਰੂਰੀ ਹਨ। ਇਹ ਹੁਕਮ ਪੰਜਾਬ ਲੈਂਡ ਰਿਕਾਰਡਜ ਮੈਨੂਅਲ ਸਮੇਤ **Form PTN-2** (ਅਨੁਲੱਗ-4) ਅਤੇ ਰੰਗੀਨ ਅਕਸ ਸ਼ਜਰਾ ਨਾਲ ਜਾਰੀ ਹੋਣ।

<u>ਨਕਸ਼ਾ 'ਜੀਮ'</u>

16. ਨਕਸ਼ਾ 'ਬੇ' ਦੀ ਮਨਜ਼ੂਰੀ ਉਪਰੰਤ ਸਹਾਇਕ ਕੁਲੈਕਟਰ ਦਰਜਾ-1 ਵਲੋਂ ਨਕਸ਼ਾ 'ਜੀਮ' ਹਰ ਧਿਰ ਨੂੰ ਉਨਾਂ ਵੱਲੋਂ ਇਤਰਾਜ ਪੇਸ਼ ਕਰਨ ਲਈ ਦਿੱਤਾ ਜਾਣਾ ਹੈ। ਜਿਸ ਵਿੱਚ **ਫਾਰਮ ਪੀ.ਟੀ.ਐਨ**-3 (ਅਨੁਲੱਗ-5) ਦੇ ਹੇਠ ਦਿੱਤਾ ਗਿਆ ਸ਼ਡਿਊਲ ਅਤੇ ਸ਼ਜਰਾ ਅਕਸ਼ (cadastral map) ਸ਼ਾਮਲ ਹੋਣ । ਧਿਰਾਂ ਵੱਲੋਂ ਇਤਰਾਜ਼ ਦੀ ਸੂਰਤ ਵਿੱਚ ਕਿਸੇ ਸੋਧ ਦੀ ਲੋੜ ਹੋਵੇ ਤਾਂ ਪੰਜਾਬ ਲੈਂਡ ਰਿਕਾਰਡਜ ਮੈਨੂਅਲ ਦੇ ਪੈਰਾ 18.17 ਅਨੁਸਾਰ ਕਰ ਦੇਣੀ ਚਾਹੀਦੀ ਹੈ, ਅਤੇ ਦਰੁਸਤੀ ਉਪਰੰਤ ਫਾਈਨਲ ਨਕਸ਼ਾ 'ਜੀਮ' ਜਾਰੀ ਕੀਤਾ ਜਾਵੇ। ਨਕਸ਼ਾ ਜੀਮ ਦੀ ਪ੍ਰਵਾਨਗੀ ਉਪਰੰਤ ਐਕਟ ਦੀ ਧਾਰਾ 121 ਤਹਿਤ ਤਕਸੀਮ ਕਾਰਵਾਈ ਮੁਕੰਮਲ ਸਮਝੀ ਜਾਂਦੀ ਹੈ।

17. ਨਕਸ਼ਾ ਜੀਮ ਅਨੁਸਾਰ ਜੇ ਧਿਰਾਂ ਕਬਜਾ ਤਬਦੀਲ ਕਰਨ ਲਈ ਰਾਜ਼ੀ ਹਨ ਤਾਂ (ਲੈਂਡ ਰਿਕਾਰਡ ਮੈਨੂਅਲ ਦਾ ਪੈਰਾ 18.17) ਕਾਨੂੰਗੋ ਵੱਲੋਂ ਧਿਰਾਂ ਨੂੰ ਨਕਸ਼ਾ ਜੀਮ ਵਿੱਚ ਬਣਾਏ ਨਵੇਂ ਟੱਕਾਂ ਦਾ ਕਬਜ਼ਾ ਕਰਵਾਇਆ ਜਾਵੇ, ਅਤੇ ਪਟਵਾਰੀ ਵੱਲੋਂ ਰਪਟ ਰੋਜਨਾਮਚਾ ਦਰਜ ਕੀਤੀ ਜਾਵੇਗੀ। ਇਸ ਕਬਜ਼ੇ ਬਾਰੇ ਰਿਪੋਰਟ ਏ.ਸੀ-1 ਨੂੰ ਭੇਜੀ ਜਾਵੇ ਤਾਂ ਜੋ ਸਨਦ ਤਕਸੀਮ ਜਾਰੀ ਹੋ ਸਕੇ ਅਤੇ ਇੰਤਕਾਲ ਦਰਜ / ਮਨਜ਼ੂਰ ਹੋ ਸਕੇ।

ਜੇਕਰ ਧਿਰਾਂ ਵੱਲੋਂ ਕਬਜ਼ਾ ਤਬਦੀਲ ਕਰਨ ਬਾਰੇ ਸਹਿਮਤ ਨਹੀਂ ਹੁੰਦੀਆਂ ਤਾਂ ਇਸ ਬਾਰੇ ਰਿਪੋਰਟ ਕਾਨੂੰਗੋ ਵੱਲੋਂ ਏ.ਸੀ-1 ਨੂੰ ਭੇਜੀ ਜਾਵੇ।

18. ਨਕਸ਼ਾ ਜੀਮ ਪ੍ਰਵਾਨ ਹੋਣ ਉਪਰੰਤ ਅਤੇ ਉਪਰ ਪੈਰਾ 17 ਵਿੱਚ ਦੱਸੀ ਕਾਰਵਾਈ ਰਿਪੋਰਟ ਕਾਨੂੰਗੋ ਤੋਂ ਪ੍ਰਾਪਤ ਹੋਣ ਉਪਰੰਤ ਏ.ਸੀ-1 ਵੱਲੋਂ ਧਿਰਾਂ ਨੂੰ ਹਦਾਇਤ

ਕੀਤੀ ਜਾਵੇ ਕਿ ਅਪੀਲ ਦਾ ਸਮਾਂ (1 ਮਹੀਨਾ) ਬੀਤਣ ਉਪਰੰਤ ਅਸ਼ਟਾਮ ਪੇਸ਼ ਕੀਤਾ ਜਾਵੇ ਤਾਂ ਜੋ ਸਨਦ ਤਕਸੀਮ ਜਾਰੀ ਹੋ ਸਕੇ।

<u>ਸੱਨਦ</u>

19. ਸੱਨਦ ਤਕਸੀਮ ਨਕਸ਼ਾ ਜ਼ੀਮ ਦੀ ਮਨਜ਼ੂਰੀ ਉਪਰੰਤ ਅਤੇ ਅਪੀਲ ਦੀ ਮਿਆਦ (30 ਦਿਨ) ਤੋਂ ਬਾਅਦ ਹੀ ਜਾਰੀ ਕੀਤੀ ਜਾਵੇ, ਤਾਂ ਜੋ ਧਿਰਾਂ ਨੂੰ ਨਕਸ਼ਾ ਜੀਮ ਮੁਤੱਲਕ ਚਾਰਾਜੋਈ / ਅਪੀਲ ਦਾ ਪੂਰਾ ਮੌਕਾ ਮਿਲੇ। ਇਸ ਮੁਤੱਲਕ ਪੰਜਾਬ ਲੈਂਡ ਰਿਕਾਰਡਜ ਮੈਨੂਅਲ ਪੈਰਾ 18.17 ਹੇਠ ਮੁਤਾਬਕ ਹੈ:-

"after the period for appealing has elapsed without any appeal being lodged, or after any appeal that has been presented has been decided, an instrument of partition must be drawn upon stamped paper by the officer empowered to decide the case." ਸੰਨਦ ਫਾਰਮ PTN-3 ਮੁਤਾਬਕ ਜਾਰੀ ਹੋਵੇ।

**ਅਨੁਲੱਗ:**

1. ਤਕਸੀਮ ਦੇ ਕੇਸਾਂ ਦਾ ਨਿਪਟਾਰਾ ਕਰਨ ਲਈ ਟਾਈਮ ਸ਼ਡਿਊਲ
2. ਤਰੀਕਾ ਤਕਸੀਮ ਮੁਤੱਲਕ ਨਮੂਨਾ
3. ਨਕਸ਼ਾ ਅਲਿਫ (ਫਾਰਮ ਪੀ.ਟੀ.ਐਨ-1)
4. ਨਕਸ਼ਾ ਬੇ (ਫਾਰਮ ਪੀ.ਟੀ.ਐਨ-2)
5. ਨਕਸ਼ਾ ਜੀਮ (ਫਾਰਮ ਪੀ.ਟੀ.ਐਨ-3 ਹੇਠ ਸ਼ਡਿਊਲ) ਅਤੇ ਸਨਦ ਤਕਸੀਮ (ਮੁਕੰਮਲ ਫਾਰਮ ਪੀ.ਟੀ.ਐਨ-3

ਅਨੁਲੱਗ-1

# ਟਾਈਮ ਸ਼ਡਿਊਲ

| ਲੜੀ ਨੰ: | ਸੇਵਾ ਦਾ ਵੇਰਵਾ | ਸੇਵਾ ਮੁਹੱਈਆ ਕਰਨ ਲਈ ਕੁਲ ਦਿਨ | ਸੇਵਾ ਮੁਹੱਈਆ ਕਰਨ ਲਈ ਕੁਲ ਹਫਤੇ |
|---|---|---|---|
| 1. | ਏ.ਸੀ.1 ਦੀ ਅਦਾਲਤ ਵਿੱਚ ਤਕਸੀਮ ਲਈ ਬਿਨੈ ਪੱਤਰ ਦਾਖਲ ਹੋਣ ਉਪਰੰਤ ਉਤਰਵਾਦੀਆਂ ਦੀ ਤਲਬੀ ਲਈ। | 56 ਦਿਨ (ਇਸ ਵਿੱਚ ਉਤਰਵਾਦੀਆਂ ਦੇ ਨਾਂ ਹਾਜਰ ਹੋਣ ਤੇ ਮੁਨਾਦੀ ਆਦਿ ਦਾ ਸਮਾਂ ਵੀ ਸ਼ਾਮਲ ਹੈ) | 8 ਹਫਤੇ |
| 2. | ਤਕਸੀਮ ਦੀ ਅਰਜੀ ਦਾ ਜਵਾਬ ਦਾਵਾ ਦੇਣ ਲਈ, ਨਾਲ ਸਾਮਿਲ ਨਕਸ਼ਾ ਅਲਿਫ 'ਓ', ਪ੍ਰਪੋਜਡ ਪ੍ਰਾਰਟੀਸ਼ਨ ਪਲੈਨ ਅਤੇ ਹੱਕ ਮਾਲਕੀ ਸਬੰਧੀ ਕੋਈ ਇਤਰਾਜ ਅਤੇ ਉਸ ਨੂੰ ਸੈਟਲ ਕਰਨ ਸਬੰਧੀ ਕਾਰਵਾਈ। | 42 ਦਿਨ | 6 ਹਫਤੇ |
| 3. | ਏ. ਸੀ. 1 ਵੱਲੋਂ ਤਰੀਕਾ ਤਕਸੀਮ ਤਜਵੀਜ ਕਰਨ ਲਈ। | 21 ਦਿਨ | 3 ਹਫਤੇ |
| 4. | ਜੇਕਰ ਦਰਖਾਸਤ/ ਤਕਸੀਮ/ ਹੱਕ ਦਾ ਸਵਾਲ ਜਾ ਤਜਵੀਜ ਕੀਤੀ ਗਈ ਵੰਡ ਸਬੰਧੀ ਜੇਕਰ ਕਿਸੇ ਧਿਰ ਵਿੱਚ ਕੋਈ ਇਤਰਾਜ ਹੈ ਤਾਂ ਮੌਕਾ ਰਿਪੋਰਟ ਵੱਲੋ ਫੀਲਡ ਅਮਲਾ/ ਮਾਲ ਅਫਸਰ। | 14 ਦਿਨ | 2 ਹਫਤੇ |
| 5. | ਤਜਵੀਜ ਕੀਤੇ ਤਰੀਕਾ ਤਕਸੀਮ ਸਬੰਧੀ ਧਿਰਾਂ ਵੱਲੋਂ ਇਤਰਾਜ ਦੇਣ ਲਈ। | 21 ਦਿਨ | 3 ਹਫਤੇ |
| 6. | ਪਟਵਾਰੀ/ ਕਾਨੂੰਗੋ ਵੱਲੋਂ ਨਕਸ਼ਾ ਬੇ 'ਅ' ਤਿਆਰ ਕਰਨ ਲਈ। | 21 ਦਿਨ | 3 ਹਫਤੇ |
| 7. | ਫੀਲਡ ਸਟਾਫ ਵੱਲੋਂ ਏ. ਸੀ. 1 ਦੀ ਅਦਾਲਤ ਵਿੱਚ ਭੇਜੇ ਨਕਸ਼ਾ ਅ ਤੇ ਧਿਰਾਂ ਵੱਲੋਂ ਇਤਰਾਜ ਪੇਸ਼ ਕਰਨ ਲਈ। | 21 ਦਿਨ | 3 ਹਫਤੇ |
| 8. | ਨਕਸ਼ਾ ਬੇ 'ਅ' ਸਬੰਧੀ ਪ੍ਰਾਪਤ ਹੋਏ ਇਤਰਾਜਾਂ ਤੇ ਗੌਰ ਕਰਨ ਉਪਰੰਤ ਏ..ਸੀ.1 ਵਲੋਂ ਮਨਜੂਰ ਕਰਨ ਲਈ। | 21 ਦਿਨ | 3 ਹਫਤੇ |
| 9. | ਨਕਸ਼ਾ ਬੇ 'ਅ' ਦੀ ਪ੍ਰਵਾਨਗੀ ਉਪਰੰਤ ਪਟਵਾਰੀ/ ਕਾਨੂੰਗੋ ਵੱਲੋਂ ਨਕਸ਼ਾ ਜੀਮ 'ੲ' ਭੇਜਣ ਲਈ। | 14 ਦਿਨ | 2 ਹਫਤੇ |
| 10. | ਪਟਵਾਰੀ/ ਕਾਨੂੰਗੋ ਵੱਲੋਂ ਪ੍ਰਾਪਤ ਨਕਸ਼ਾ ਜੀਮ 'ੲ' ਨੂੰ ਏ.ਸੀ. 1 ਵਲੋਂ ਮਨਜੂਰ ਕਰਨ ਲਈ। | 14 ਦਿਨ | 2 ਹਫਤੇ |
| 11. | ਸੰਨਦ ਤਕਸੀਮ ਤਿਆਰ ਕਰਨ ਲਈ। | 35 ਦਿਨ | 5 ਹਫਤੇ |
| | ਕੁੱਲ ਸਮਾਂ | 280 ਦਿਨ | 40 ਹਫਤੇ |

ਅਨੁਲੱਗ-2

## ਨਮੂਨਾ ਤਰੀਕਾ ਤਕਸੀਮ

1. ਕੁੱਲ ਅਰਾਜੀ 225 ਕਨਾਲ 08 ਮਰਲੇ ਖੇਵਟ ਨੰਬਰ 520 ਖਤੌਨੀ ਨੰਬਰ 1161 ਤੋ 1168 ਅਤੇ ਅਰਾਜੀ ਤੈਦਾਦੀ 68 ਕਨਾਲ 12 ਮਰਲੇ ਖੇਵਟ ਨੰਬਰ 521 ਖਤੌਨੀ ਨੰਬਰ 1169 ਵਾਕਿਆ ਰਕਬਾ ਪਿੰਡ ਮਹਿਮਾ ਸਵਾਈ ਤਹਿਸੀਲ ਅਤੇ ਜਿਲ੍ਹਾ ਬਠਿੰਡਾ ਮੁਤਾਬਿਕ ਜਮਾਂਬੰਦੀ ਸਾਲ 2001-02 ਵਿਚੋ ਗੈਰ ਮੁਮਕਿੰਨ ਰੂੜੀ/ਅਬਾਦੀ ਦਾ ਰਕਬਾ ਕੱਢ ਕੇ ਬਾਕੀ ਅਰਾਜੀ ਤਕਸੀਮ ਕੀਤੀ ਜਾਵੇਗੀ।

2. ਤਕਸੀਮ ਮੌਕੇ ਦੀ ਕਿਸਮ ਅਨੁਸਾਰ ਕੀਤੀ ਜਾਵੇਗੀ। (ਮੁਰੱਬਾ ਬੰਦੀ ਦੇ ਰੂਲ/ ਕਾਨੂੰਨ ਮੱਦੇ ਨਜਰ ਰੱਖਦੇ ਹੋਏ ਤਕਸੀਮ ਕੀਤੀ ਜਾਵੇਗੀ)।

3. ਧਿਰਾਂ ਦੇ ਹੇਠ ਲਿਖੇ ਅਨੁਸਾਰ ਟੱਕ ਬਣਾਏ ਜਾਣਗੇ :-

   (ੳ) ਸਾਇਲਾਨ ਦਾ ਸਾਂਝਾ ਵੱਖਰਾ ਟੱਕ ਜਾਂ ਜਿਵੇ ਮੰਗ ਕੀਤੀ ਗਈ ਹੋਵੇ

   (ਅ) ਰਿਸਪਾਂਡਟਸ ਨੰਬਰ 1 ਅਤੇ 2 ਦਾ ਸਾਂਝਾ ਵੱਖਰਾ ਟੱਕ

   (ੲ) ਰਿਸਪਾਂਡਟਸ ਨੰ 3 ਤੋ 5 ਦਾ ਸਾਂਝਾ ਵੱਖਰਾ ਟੱਕ ਅਤੇ

   (ਸ) ਬਾਕੀ ਸਾਰੇ ਰਿਸਪਾਂਡਟਸ ਦਾ ਸਾਂਝਾ ਵੱਖਰਾ ਟੱਕ ਬਣਾਇਆ ਜਾਵੇਗਾ।

4. **ਤਕਸੀਮ** ਕਬਜੇ ਨੂੰ ਮੁੱਖ ਰੱਖ ਕੇ ਕੀਤੀ ਜਾਵੇਗੀ। ਚੰਗੀ ਵਿਚੋ ਚੰਗੀ ਅਤੇ ਮਾੜੀ ਵਿਚੋ ਮਾੜੀ ਕਿਸਮਵਾਰ ਅਰਾਜੀ ਧਿਰਾਂ ਵਿਚ ਹਿੱਸੇ ਅਨੁਸਾਰ ਤਕਸੀਮ ਕੀਤੀ ਜਾਵੇਗੀ। ਚੰਗੀ ਮਾੜੀ ਕਿਸਮ ਦੇ ਅਧਾਰ ਤੇ ਜਾ ਟੱਕਾ ਦੀ ਐਡਜਸਟਮੈਂਟ ਕਰਨ ਲਈ ਜੇਕਰ ਕਬਜੇ ਦੀ ਥੋੜੀ ਬਹੁਤੀ ਹਿੱਲਜੁੱਲ ਹੁੰਦੀ ਹੋਵੇਗੀ ਤਾ ਇਸ ਨੂੰ ਕਬਜਾ ਤੋੜਨਾ ਨਹੀ ਮਨਿਆ ਜਾਵੇਗਾ।

ਜਾਂ (ਜੇਕਰ ਕਬਜਾ ਤੋੜ ਕੇ ਤਕਸੀਮ ਹੋਣੀ ਹੈ)

ਤਕਸੀਮ ਕਬਜਾ ਤੋੜ ਕੇ ਕੀਤੀ ਜਾਵੇਗੀ। ਚੰਗੀ ਵਿਚੋਂ ਚੰਗੀ ਅਤੇ ਮਾੜੀ ਵਿੱਚੋ ਮਾੜੀ ਕਿਸਮਵਾਰ ਅਰਾਜੀ ਧਿਰਾਂ ਵਿੱਚ ਹਿੱਸੇ ਅਨੁਸਾਰ ਤਕਸੀਮ ਕੀਤੀ ਜਾਵੇਗੀ। ਚੰਗੀ ਮਾੜੀ ਕਿਸਮ ਦੇ ਅਧਾਰ ਤੇ ਕਬਜਾ ਤੋੜਦੇ ਹੋਏ ਧਿਰਾਂ ਦੇ ਨਵੇ ਟੱਕ ਬਣਾਏ ਜਾਣਗੇ।

5. ਜਿਸ ਧਿਰ ਦਾ ਕਿਤੇ ਵੀ ਕਬਜਾ ਨਹੀ ਹੋਵੇਗਾ, ਜਮਾਂਬੰਦੀ ਨੂੰ ਮੁੱਖ ਰੱਖਕੇ ਉਸਦੇ ਹਿੱਸੇ ਅਨੁਸਾਰ ਉਸਨੂੰ ਚੰਗੀ ਵਿਚੋ ਚੰਗੀ ਅਤੇ ਮਾੜੀ ਵਿਚੋ ਮਾੜੀ ਜਮੀਨ ਤਕਸੀਮ ਕਰਕੇ ਦਿੱਤੀ ਜਾਵੇਗੀ।

6. ਕੋਈ ਵੀ ਮਾਲਕ/ਮੁਸ਼ਤਰੀ ਜਿਸ ਖੇਵਟ ਵਿਚ ਹਿੱਸੇਦਾਰ ਨਹੀ ਹੋਵੇਗਾ, ਉਸਨੂੰ ਉਸ ਖੇਵਟ ਵਾਲੇ ਰਕਬੇ ਵਿਚੋ ਤਕਸੀਮ ਸਮੇ ਕੋਈ ਰਕਬਾ ਅਲਾਟ ਨਹੀ ਕੀਤਾ ਜਾਵੇਗਾ। ਜੇਕਰ ਇਹ ਸਿਧਾਂਤ ਲਾਗੂ ਕਰਨ ਸਮੇ ਮੁਸ਼ਤਰੀ ਨੂੰ ਹਿੱਸੇ ਤੋ ਵੱਧ ਦਾ ਖਰੀਦਦਾਰ ਪਾਇਆ ਜਾਂਦਾ ਹੈ ਤਾਂ ਮਾਲਕ ਭਾਵ ਬਾਇਆ ਦੇ ਦੂਸਰੇ ਖੇਵਟ ਵਾਲੇ ਰਕਬੇ ਵਿਚੋਂ ਮੁਸਤਰੀ ਦੀ ਭਰਪਾਈ ਕੀਤੀ ਜਾਵੇਗੀ।

7. ਧਿਰਾਂ ਦੇ ਘੱਟ ਤੋ ਘੱਟ ਟੱਕ ਬਣਾਉਣ ਦੀ ਕੋਸਿਸ ਕੀਤੀ ਜਾਵੇਗੀ।

8. 03 ਮਰਲੇ ਦੀ ਕਮੀ ਪੇਸ਼ੀ ਅਣਡਿੱਠ ਕੀਤੀ ਜਾਵੇਗੀ।

9. ਖਾਲ ਪਹੀਆਂ ਲੋੜ ਅਨੁਸਾਰ ਸਾਂਝੇ ਰਕਬੇ ਵਿਚੋ ਲਾਈਆਂ ਜਾਣਗੀਆਂ। ਦਰੱਖਤ ਤਾਬੇ ਤਕਸੀਮ ਹੋਣਗੇ।

10. ਮੁਸਤਰੀ ਤਾਬੇ ਬਾਇਆ ਹੋਣਗੇ। ਤਕਸੀਮ ਸਮੇ ਜੋ ਰਕਬਾ ਅਸਲ ਮਾਲਕ/ਬਾਇਆ ਨੂੰ ਮਿਲਣਯੋਗ ਹੋਵੇਗਾ, ਮੁਸ਼ਤਰੀ ਨੂੰ ਉਸ ਵਿਚੋ ਹੀ ਰਕਬਾ ਮਿਲੇਗਾ।

11. ਕਿਸੇ ਹਿੱਸੇਦਾਰ ਵੱਲੋ ਆਪਣੇ ਹਿੱਸੇ ਤੋ ਵੱਧ ਰਕਬਾ ਬੈ ਜਾ ਰਹਿਣ ਕਰਨ ਦੀ ਸੂਰਤ ਵਿਚ ਆਖਰੀ ਮੁਸ਼ਤਰੀ/ਮੁਰਤਹਿਨ ਤੇ ਅਸਰ ਪਵੇਗਾ।

12. ਰਹਿਣ ਦਾ ਭਾਰ ਰਾਹਨ ਤੇ ਹੋਵੇਗਾ। ਬੈਕ/ਮੁਰਤਹਿਨ ਦਾ ਹੱਕ ਮਹਿਫੂਜ ਰੱਖਿਆ ਜਾਵੇਗਾ। ਜੇਕਰ ਕਿਸੇ ਧਿਰ ਨੇ ਕੋਈ ਰਕਬਾ ਰਹਿਣ ਜਾਂ ਆੜ ਰਹਿਣ ਕੀਤਾ ਹੋਵੇਗਾ ਤਾਂ ਉਹ ਰਕਬਾ ਉਸੇ ਧਿਰ ਨੂੰ ਹੀ ਅਲਾਟ ਕਰਨ ਦੀ ਵੱਧ ਤੋ ਵੱਧ ਕੋਸ਼ਿਸ਼ ਕੀਤੀ ਜਾਵੇਗੀ। ਪਰੰਤੂ ਚੰਗੀ ਮਾੜੀ ਕਿਸਮ ਦੇ ਅਧਾਰ ਤੇ ਜਾਂ ਹਿੱਸੇ ਤੋ ਵੱਧ ਰਕਬਾ ਕਬਜੇ ਵਿੱਚ ਹੋਣ ਕਰਕੇ ਇਸ ਤਕਸੀਮ ਨਾਲ ਉਹ ਰਕਬਾ ਰਾਹਨ ਦੇ ਕਬਜੇ ਵਿੱਚੋ ਨਿਕਲਦਾ ਹੋਵੇਗਾ ਤਾ ਜੋ ਰਕਬਾ ਰਾਹਨ ਪਾਸ ਹੋਵੇਗਾ ਜਾਂ ਕੋਈ ਹੋਰ ਨਵਾ ਰਕਬਾ ਤਕਸੀਮ ਰਾਹੀ ਉਸਨੂੰ ਅਲਾਟ ਹੋਵੇਗਾ, ਮੁਰਤਹਿਨ ਦਾ ਉਸਤੇ ਪਹਿਲਾ ਚਾਰਜ ਹੋਵੇਗਾ।

13. ਜੇਕਰ ਕਿਸੇ ਧਿਰ ਨੇ ਆਪਣੇ ਕਬਜੇ ਵਾਲੇ ਰਕਬੇ ਵਿੱਚ ਕੋਈ ਘਰ ਜਾਂ ਕੋਠਾ ਜਾ ਕੋਈ ਹੋਰ ਢਾਂਚਾ ਆਦਿ ਤਿਆਰ ਕੀਤਾ ਹੋਵੇਗਾ ਤਾ ਇਹ ਰਕਬਾ ਉਸੇ ਧਿਰ ਨੂੰ ਅਲਾਟ ਕਰਨ ਦੀ ਵੱਧ ਤੋ ਵੱਧ ਕੋਸਿਸ ਕੀਤੀ ਜਾਵੇਗੀ ਪਰੰਤੂ ਚੰਗੀ ਮਾੜੀ ਕਿਸਮ ਦੇ ਆਧਾਰ ਤੇ ਜਾਂ ਹਿੱਸੇ ਤੋ ਵੱਧ ਕਬਜੇ ਵਿੱਚ ਹੋਣ ਕਾਰਨ ਇਸ ਤਕਸੀਮ ਦੁਆਰਾ ਇਹ

ਢਾਚਾ ਉਸਦੇ ਕਬਜੇ ਵਿੱਚ ਨਿਕਲਦਾ ਹੋਵੇਗਾ ਤਾ ਇਸ ਢਾਚੇ ਦਾ ਉਸ ਧਿਰ ਨੂੰ ਦੂਜੀ ਧਿਰ ਪਾਸੋ ਯੋਗ ਮੁਆਵਜਾ ਦਿਲਵਾਇਆ ਜਾਵੇਗਾ

14. ਧਿਰਾਂ ਦਾ ਆਪਸ ਵਿੱਚ ਲਿਖਤੀ ਰਾਜੀਨਾਮਾ ਹੋ ਜਾਣ ਦੀ ਸੂਰਤ ਵਿੱਚ ਰਾਜੀਨਾਮੇ ਅਨੁਸਾਰ ਤਕਸੀਮ ਕੀਤੀ ਜਾਵੇਗੀ

15. ਫੀਲਡ ਕਾਨੂੰਗੋ ਪਾਸੋ ਨਕਸਾ ਬੇ ਤਿਆਰ ਹੋ ਕੇ ਆਉਣ ਤੋ ਪਹਿਲਾ ਜੇਕਰ ਕੋਈ ਧਿਰ ਆਪਣਾ ਟੱਕ ਵੱਖਰਾ ਬਨਾਉਣਾ ਚਾਹੁੰਦੀ ਹੋਵੇ ਤਾ ਉਹ ਧਿਰ ਇਸ ਅਦਾਲਤ ਵਿੱਚ ਦਰਖਾਸਤ ਪੇਸ ਕਰਕੇ ਵੱਖਰਾ ਟੱਕ ਬਣਾਉਣ ਲਈ ਬੇਨਤੀ ਕਰ ਸਕਦੀ ਹੈ

ਅਨੁਲੱਗ-3

ਫਾਰਮ ਪੀ.ਟੀ.ਐਨ. - 1

(ਨਕਸ਼ਾ ਅਲਿਫ)

(ਲੈਂਡ ਰਿਕਾਰਡ ਮੈਨੂਅਲ ਦਾ ਪੈਰਾ 18.10)

ਤਕਸੀਮ ਕੀਤੀ ਜਾਣੀ ਵਾਲੀ ਭੌਂ ਅਤੇ ਧਿਰਾਂ ਦੇ ਹਿੱਸੇ ਦਾ ਵੇਰਵਾ

| 1 | 2 | 3 | 4 | 5 | 5 | 7 | 8 | 9 | 10 | 11 | 12 | 13 | 14 | 15 | 16 | 17 | 18 | 19 | 20 |
|---|---|---|---|---|---|---|---|---|---|---|---|---|---|---|---|---|---|---|---|
| ਲੜੀ ਨੰ: | ਨਾਂ | ਜਮ੍ਹਾਂ ਜਾਂ ਹਿੱਸਾ ਜਿਹੜਾ ਹਕੀਕੀ ਪੈਮਾਨੇ ਦਾ ਹੋਵੇ | ਕੁਲ ਰਬਕਾ ਜਿਸ ਦੀ ਵੰਡ ਦੀ ਮੰਗ ਕੀਤੀ ਗਈ | | | ਰਕਬਾ ਜਿਸ ਤੇ ਖਾਨਾ ਨੰ:2 ਵਿੱਚ ਦਿੱਤੇ ਹਰੇਕ ਮਾਲਕ ਦਾ ਹੱਕ ਹੈ | | | ਰਕਬਾ ਜਿਹੜਾ ਅਜੇ ਖਾਨਾ ਨੰ:2 ਵਿੱਚ ਦਰਜ਼ ਹਰੇਕ ਮਾਲਕ ਦੇ ਕਬਜ਼ੇ ਵਿੱਚ ਹੈ | | | | ਕਮੀ ਜਿਹੜੀ ਪੂਰੀ ਕੀਤੀ ਜਾਵੇਗੀ | | | ਵਾਧੂ ਜਿਹੜੀ ਵਾਪਿਸ ਲਈ ਜਾਵੇਗੀ | | | ਵਿਸ਼ੇਸ਼ ਕਥਨ |
| | | | ਕਾਸ਼ਤ | ਗੈਰ-ਕਾਸ਼ਤ | ਜੋੜ | ਕਾਸ਼ਤ | ਗੈਰ-ਕਾਸ਼ਤ | ਜੋੜ | ਨੰਬਰ | ਕਾਸ਼ਤ | ਗੈਰ-ਕਾਸ਼ਤ | ਜੋੜ | ਕਾਸ਼ਤ | ਗੈਰ-ਕਾਸ਼ਤ | ਜੋੜ | ਕਾਸ਼ਤ | ਗੈਰ-ਕਾਸ਼ਤ | ਜੋੜ | |
| | | | | | | | | | | | | | | | | | | | |

ਅਨੁਲੱਗ-3

**FORM PTN-1**

**(ਨਕਸ਼ਾ ਅਲਿਫ)**

**(Paragraph 18.10 of Land Records Manual)**

*Statement of the area to be divided and the shares of the parties.*

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 | 19 | 20 |
|---|---|---|---|---|---|---|---|---|---|---|---|---|---|---|---|---|---|---|---|
| No. | Name | Jama or share (whichever is measure of | Total area to be divided | | | Area to which owner entered in column 2 is entitled | | | Area already in possession of owner entered in column 2 | | | | Deficiency to be made good | | | Excess to be given up | | | REMARKS |
| | | | Cultivated | Uncultivated | Total | Cultivated | Uncultivated | Total | Nos. | Cultivated | Uncultivated | Total | Cultivated | Uncultivated | Total | Cultivated | Uncultivated | Total | |
| | | | | | | | | | | | | | | | | | | | |

ਅਨੁਲੱਗ-4

ਫਾਰਮ ਪੀ.ਟੀ.ਐਨ. - 2
(ਨਕਸ਼ਾ ਬੇ)
(ਲੈਂਡ ਰਿਕਾਰਡ ਮੈਨੂਅਲ ਦਾ ਪੈਰਾ 18.12)
ਤਕਸੀਮ ਕੀਤੀ ਜਾਣੀ ਵਾਲੀ ਭੌਂ ਅਤੇ ਧਿਰਾਂ ਦੇ ਹਿੱਸੇ ਦਾ ਵੇਰਵਾ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਨੰਬਰ | ਹਿੱਸੇਦਾਰ ਦਾ ਨਾਂ | ਹਿੱਸਾ | ਹਿੱਸੇ ਮੁਤਾਬਕ ਰਕਬਾ | | | ਅਲਾਟ ਕੀਤਾ ਗਿਆ ਰਕਬਾ | | | ਵਿਸੇਸ਼ ਕਥਨ |
| | | | ਰਕਬਾ | ਕਿਸਮ-ਰਕਬਾ | ਕਿਸਮ | ਰਕਬਾ | ਕਿਸਮ-ਰਕਬਾ | ਕਿਸਮ | |
| | | | | | | | | | |

**ਨੋਟ:** ਕਾਲਮ ਨੰ: 1 ਤੋਂ 6 ਵਿੱਚ ਇੰਦਰਾਜ਼ ਫਾਰਮ ਪੀ.ਟੀ.ਐਨ-1 ਦੇ ਕਾਲਮ ਨੰ: 1 ਤੋਂ 3 ਅਤੇ 7 ਤੋਂ 9 ਵਿੱਚੋਂ ਲਏ ਜਾਣਗੇ। ਭੌਂ ਦੀ ਕਿਸਮ ਜਿਥੇ ਕਿਤੇ ਲੋੜ ਹੋਵੇ ਦਰਜ਼ ਕੀਤੀ ਜਾਵੇ। ਕਾਲਮ ਨੰ: 10 ਵਿੱਚ ਇੰਦਰਾਜ਼ ਤਹਿਸੀਲਦਾਰ ਵੱਲੋਂ ਖੁੱਦ ਕੀਤਾ ਜਾਵੇਗਾ।

ਅਨੁਲੱਗ-4

**FORM PTN-2**

(ਨਕਸ਼ਾ ਥੇ)

**(Paragraph 18.12 of Land Records Manual)**

*Statement comparing area by share and area allotted.*

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| No. | Name of share-holder | Share | Area according to share | | | Area Allotted | | | |
| | | | Cultivated | Uncultivated | Total | Cultivated | Uncultivated | Total | Remarks |
| | | | | | | | | | |

**Note:-** The entries in the first six columns will be taken from coloumns 1 to 3 and 7 to 9 of Form PTN 1. Details of soil may be added where necessary. The entries in column 10 will be made by the Tehsildar himself.

ਅਨੁਲੱਗ - 5

ਫਾਰਮ ਪੀ.ਟੀ.ਐਨ. - 3

(ਲੈਂਡ ਰਿਕਾਰਡਜ਼ ਮੈਨੂੰਅਨ ਦਾ ਪੈਰਾ 18.17)

**ਸੰਨਦ ਤਕਸੀਮ**

(ਅਸਟਾਮ)

ਬਾ-ਅਦਾਲਤ ____________, ਪੰਜਾਬ ਭੌਂ ਮਾਲੀਆ ਕਾਨੂੰਨ ਦੀ ਧਾਰਾ 6(3) ਅਧੀਨ ਸਹਾਇਕ ਕੁਲੈਕਟਰ ਦਰਜਾ-1 ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।

ਭੌਂ ਮਾਲੀਆ ਐਕਟ (17 ਆਫ 1887) ਦੇ ਚੈਪਟਰ - 9 ਤਹਿਤ ____________(ਪਹਿਲੀ ਧਿਰ) ਅਤੇ____________________ (ਦੂਜੀ ਧਿਰ) ਵਿਚਾਰ ਤਕਸੀਮ ਕੇਸ ।

ਕਲੇਮ ਜਿਸ ਦੀ ਵੰਡ ਕੀਤੀ ਜਾਣੀ ਹੈ:-

___________ ਬੀਘੇ/ਕਨਾਲ ਜਮੀਨ ਜੋ ਉਨ੍ਹਾਂ ਦੀ ਮੌਜਾ______, ਤਹਿਸੀਲ____ਵਿੱਚ ਸਥਿਤ ਹੈ।

ਜਦੋਂ ਕਿ ਇਹ ਕੇਸ ਨਿਮਨਹਸਤਾਖਰ ਕੋਲ ਅੰਤਮ ਫੈਸਲੇ ਲਈ __________ ਸਥਾਨ ਤੇ ਮਿਤੀ ___________ ਨੂੰ ਪੇਸ਼ ਹੋਇਆ ਸੀ ਅਤੇ ਇਹ ਹੁਕਮ ਕੀਤਾ ਗਿਆ ਕਿ ਨਾਲ ਨੱਥੀ ਅਨਸੂਚੀ ਦੇ ਕਾਲਮ ਨੰ: 1 ਅਤੇ 2 ਵਿੱਚ ਦਰਸਾਈ ਭੌਂ ਦੀ ਵੰਡ ਕੀਤੀ ਜਾਵੇ ਅਤੇ ਜਦੋਂ ਕਿ ਇਨ੍ਹਾਂ ਹੁਕਮਾਂ ਖਿਲਾਫ ਕੋਈ ਅਪੀਲ ਪੇਸ਼ ਕੀਤੇ ਬਿਨਾਂ ਅਪੀਲ ਦੀ ਮਿਆਦ ਖਤਮ ਹੋ ਚੁੱਕੀ ਹੈ [ਜਾਂ ਜਦੋਂ ਕਿ ___________ ਦੇ ਹੁਕਮ ਮਿਤੀ ______ਰਾਹੀਂ ਉਪਰੋਕਤ ਹੁਕਮ ਵਿੱਚ ਕੋਈ ਸੋਧ ਕੀਤੀ ਗਈ ਹੈ (ਜਾਂ ਬਹਾਲ ਰਖਿਆ ਗਿਆ ਹੈ)]। ਇਹ ਸੰਨਦ ਤਕਸੀਮ ਮੇਰੇ ਵੱਲੋਂ ਪਾਸ ਕੀਤੇ ਗਏ ਉਪਰੋਕਤ ਹੁਕਮ ਮਿਤੀ _________ ਨੂੰ ਅਮਲੀ ਜਾਮਾ ਦੇਣ ਲਈ ਤਿਆਰ ਕੀਤੀ ਗਈ ਹੈ [ਪਹਿਲਾ ਹੁਕਮ, ਜੋ _________ ਦੇ ਹੁਕਮ ਮਿਤੀ ਰਾਹੀਂ ਸੋਧਿਆ ਗਿਆ ਜਾਂ ਬਹਾਲ ਰਖਿਆ ਗਿਆ (ਦੂਜਾ ਹੁਕਮ (ਜੇਕਰ ਕੋਈ ਹੋਵੇ)] ਅਤੇ ਇਹ ਘੋਸ਼ਣਾ ਕੀਤੀ ਜਾਂਦੀ ਹੈ ਕਿ ਇਹ ਤਕਸੀਮ ਮਿਤੀ __________ ਤੋਂ ਲਾਗੂ ਹੋਵੇਗੀ।

ਸਹੀ/-
ਮੋਹਰ ਸਹਾਇਕ ਕੁਲੈਕਟਰ ਦਰਜਾ-1

ਅਨੁਸੂਚੀ (ਨਕਸ਼ਾ ਜੀਮ)

| 1 | 2 | 3 | 4 | 5 | 6 | 7 |
|---|---|---|---|---|---|---|
| ਸਾਂਝੀ ਭੌਂ ਵੰਡ ਤੋਂ ਪਹਿਲਾਂ | | | | ਵੱਖਰੀ ਵੱਖਰੀ ਭੌਂ ਵੰਡ ਤੋਂ ਬਾਅਦ | | |
| ਨੰਬਰ ਖਸਰਾ | ਰਕਬਾ ਮਹਿ ਕਿਸਮ ਜਮੀਨ | ਨਾਮ ਮਾਲਕਾਨ ਅਤੇ ਕਾਸ਼ਤਕਾਰਾਨ | ਮਾਮਲਾ | ਨੰਬਰ ਖਸਰਾ | ਰਕਬਾ ਮਹਿ ਕਿਸਮ ਜਮੀਨ | ਨਾਮ ਮਾਲਕਾਨ ਅਤੇ ਕਾਸ਼ਤਕਾਰਾਨ |

ਅਨੁਲੱਗ-5

## FORM PTN-3
## (Paragraph 18.17 of Land Records Manual)
## INSTRUMENT OF PARTITION
## (STAMP.)

Before_______, exercising the powers of an Assistant Collector of the 1st grade, under section 6(3) of the Land Revenue Act. Partition case under chapter IX of the Land Revenue Act XVII of 1887, between first party, and ___________ second party. Claim to divide ________ *Bighas/Kanals* of land held by them in mauza_______tehsil_______. Whereas this case come before me for final disposal at __________on the _________day of _________ and it was then ordered that partition be made of the land described in columns 1 and 2 of the schedule hereto annexed, and whereas the period of appeal against the said order has expired without any appeal being presented [or whereas the said order has been varied (or maintained) by an order of the _____dated the _____day of ______ ]. This instrument of partition is now prepared in order to give effect to my order aforesaid, dated the ______ day of _______[first order (as varied or maintanined), by the order of the ______dated the _____day of _____second order, if any ] and it is hereby declared that this partition will take effect on and from the ______day of ____2.

(Seal of the Assistant Collector 1st grade.)

__________Signature

---

**SCHEDULE ( ਨਕਸ਼ਾ ਜੀਮ )**

| 1 | 2 | 3 | 4 | 5 | 6 |
|---|---|---|---|---|---|
| JOINT LAND (BEFORE PATITION) | | | SEPARATE LAND AFTER (PARTITION) | | |
| Field (Khasra) No. In village shajra | Area | Name of joint owners with Jamabandi number (Khewat No.) | Field (Khasra) number in village shajra or in tracing of shajra hereto attached (in case of new numbers) | Area | Name of owners to whom field (Khasra) is allotted in partition |

Note:- A separate entry should be made for each field number.